BRAMPTON Flower City
brampton.ca

media release

18 ਦਸੰਬਰ, 2018

**ਬਲੂਪੌ (BluePaw) ਪ੍ਰੋਗਰਾਮ ਨਾਲ ਬ੍ਰੈਂਪਟਨ ਵਿੱਚ ਲਾਇਸੈਂਸਸ਼ੁਦਾ ਪਾਲਤੂ ਜਾਨਵਰਾਂ ਦੇ ਮਾਲਕ ਪੈਸਾ ਬਚਾ ਸਕਦੇ ਹਨ**

ਬ੍ਰੈਂਪਟਨ, ਓਨਟੈਰੀਓ – ਜੇਕਰ ਤੁਸੀਂ ਬ੍ਰੈਂਪਟਨ ਵਿੱਚ ਪਾਲਤੂ ਜਾਨਵਰ ਦੇ ਮਾਲਕ ਹੋ, ਤਾਂ ਤੁਹਾਡੇ ਕੁੱਤੇ ਜਾਂ ਬਿੱਲੀ ਲਈ ਲਾਇਸੈਂਸ ਲੈਣ ਦਾ ਸਪਸ਼ਟ ਤੌਰ ਤੇ ਇੱਕ ਬਹੁਤ ਹੀ ਜਰੂਰੀ ਕਾਰਨ ਹੈ – ਕਿ ਇਹ ਤੁਹਾਡੇ ਪਾਲਤੂ ਜਾਨਵਰ ਨੂੰ ਗੁਆਚ ਜਾਣ ਤੇ ਸੁਰੱਖਿਅਤ ਤੌਰ ਤੇ ਘਰ ਵਾਪਸ ਲਿਆਉਣ ਦਾ ਬਿਹਤਰ ਤਰੀਕਾ ਹੈ।

ਹੁਣ, ਤੁਹਾਡੇ ਪਾਲਤੂ ਜਾਨਵਰ ਦਾ ਲਾਇਸੈਂਸ ਖਰੀਦਦਾਰੀ ਦੇ ਸਮੇਂ ਤੁਹਾਡੇ ਪੈਸੇ ਵੀ ਬਚਾ ਸਕਦਾ ਹੈ।

ਅੱਜ ਬ੍ਰੈਂਪਟਨ ਐਨੀਮਲ ਸਰਵਿਸਿਜ (Brampton Animal Services) ਨੇ ਬਲੂਪੌ (BluePaw) ਪ੍ਰੋਗਰਾਮ ਪੇਸ਼ ਕੀਤਾ, ਇਹ ਇੱਕ ਇਨਾਮ ਪ੍ਰੋਗਰਾਮ ਹੈ, ਜੋ ਸਥਾਨਕ ਕਾਰੋਬਾਰੀਆਂ ਵੱਲੋਂ ਲਾਇਸੈਂਸਸ਼ੁਦਾ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਖਾਸ ਡੀਲਾਂ ਪੇਸ਼ ਕਰੇਗਾ। ਜਦੋਂ ਕੋਈ ਨਿਵਾਸੀ ਆਪਣੇ ਕੁੱਤੇ ਜਾਂ ਬਿੱਲੀ ਦਾ ਸਿਟੀ ਆਫ ਬ੍ਰੈਂਪਟਨ ਦਾ ਲਾਇਸੈਂਸ ਲਏਗਾ, ਤਾਂ ਉਹ ਆਪਣੇ ਆਪ ਹੀ ਪ੍ਰੋਗਰਾਮ ਵਿੱਚ ਨਾਮਾਂਕਿਤ ਹੋ ਜਾਵੇਗਾ ਅਤੇ ਉਸਨੂੰ ਇੱਕ ਖਾਸ ਕੁੰਜੀ ਟੈਗ ਮਿਲੇਗਾ। ਬੱਚਤ ਦਾ ਅਨੰਦ ਮਾਣਨ ਲਈ, ਮੈਂਬਰਾਂ ਨੂੰ ਕਿਸੇ ਭਾਗੀਦਾਰ ਕਾਰੋਬਾਰੀ ਤੋਂ ਖਰੀਦਦਾਰੀ ਕਰਦੇ ਸਮੇਂ, ਪੈਸੇ ਦੇਣ ਤੋਂ ਪਹਿਲਾਂ ਆਪਣਾ ਟੈਗ ਦਿਖਾਉਣ ਦੀ ਲੋੜ ਹੋਵੇਗੀ।

ਬਲੂਪੌ (BluePaw) ਪ੍ਰੋਗਰਾਮ ਸਭ ਤੋਂ ਪਹਿਲਾਂ 2014 ਵਿੱਚ ਸਿਟੀ ਆਫ ਟੋਰੋਂਟੋ (City of Toronto) ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਬ੍ਰੈਂਪਟਨ ਇਸ ਪ੍ਰੋਗਰਾਮ ਦਾ ਪਹਿਲਾ ਭਾਈਵਾਲ ਸ਼ਹਿਰ ਹੈ। ਬ੍ਰੈਂਪਟਨ ਦੇ ਨਿਵਾਸੀ, ਟੋਰੋਂਟੋ ਦੇ ਕਾਰੋਬਾਰੀ ਮੈਂਬਰਾਂ ਦੀਆਂ ਪੇਸ਼ਕਸ਼ਾਂ ਲਈ ਵੀ ਯੋਗ ਹਨ, ਜੋ www.toronto.ca/bluepaw ਤੇ ਸੂਚੀਬੱਧ ਹਨ।

ਲਾਇਸੈਂਸ ਦੀ ਫੀਸ ਸਾਲਾਨਾ $5 ਤੋਂ $40 ਤੱਕ ਹੋਵੇਗੀ, ਇਹ ਜਾਨਵਰ ਦੇ ਪ੍ਰਕਾਰ (ਕੁੱਤਾ ਜਾਂ ਬਿੱਲੀ) ਤੇ ਅਤੇ ਇਸਤੇ ਨਿਰਭਰ ਕਰਦਾ ਹੈ ਕਿ ਇਸਨੂੰ ਬਾਂਝ/ਨਪੁੰਸਕ ਬਣਾਇਆ ਗਿਆ ਹੈ ਅਤੇ ਮਾਈਕ੍ਰੋਚਿਪ ਲਗਵਾਈ ਹੈ ਜਾਂ ਨਹੀਂ। ਉਹਨਾਂ ਮਾਲਕਾਂ, ਜਿਹਨਾਂ ਦੀ
ਉਮਰ 55 ਸਾਲ ਅਤੇ ਵੱਧ ਹੈ, ਲਈ ਬਜ਼ੁਰਗ ਰੇਟ ਵੀ ਹਨ। ਲਾਇਸੈਂਸ ਦੀਆਂ ਫੀਸਾਂ ਤੋਂ ਇਕੱਠਾ ਕੀਤਾ ਗਿਆ ਪੈਸਾ ਉਹਨਾਂ ਜਾਨਵਰਾਂ ਦੀ ਦੇਖਭਾਲ ਕਰਨ ਵਿੱਚ ਐਨੀਮਲ ਸਰਵਿਸਿਜ ਦੀ ਮਦਦ ਕਰਦਾ ਹੈ, ਜੋ ਹਰ ਰੋਜ਼ ਸ਼ੈਲਟਰ ਵਿੱਚ ਆਉਂਦੇ ਹਨ।

ਲਸੰਸਿੰਗ ਬਾਰੇ ਅਤੇ ਬਲੂਪੌ (BluePaw) ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, www.brampton.ca/animalservices ਤੇ ਜਾਓ।

**ਹਵਾਲੇ**

"ਬ੍ਰੈਂਪਟਨ ਵਿੱਚ, ਸਾਰੇ ਕੁੱਤਿਆਂ ਅਤੇ ਬਿੱਲੀਆਂ ਦਾ ਸਿਟੀ ਕੋਲ ਲਾਇਸੈਂਸਸ਼ੁਦਾ ਹੋਣਾ ਲੋੜੀਂਦਾ ਹੈ, ਪਰੰਤੂ ਅਸਲ ਵਿੱਚ ਬਹੁਤ ਘੱਟ ਪ੍ਰਤੀਸ਼ਤ ਹੀ ਲਾਇਸੈਂਸਸ਼ੁਦਾ ਹਨ। ਮੈਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਐਨੀਮਲ ਸਰਵਿਸਿਜ, ਬ੍ਰੈਂਪਟਨ ਦੇ ਪਾਲਤੂ ਜਾਨਵਰਾਂ ਦੇ ਮਾਲਕਾਂ ਲਈ ਹੋਰ ਵੀ ਵੱਧ ਮੁੱਲ ਪੇਸ਼

ਕਰਨ ਲਈ ਸਥਾਨਕ ਕਾਰੋਬਾਰੀਆਂ ਨਾਲ ਭਾਈਵਾਲੀ ਕਰ ਰਿਹਾ ਹੈ। ਮੈਨੂੰ ਆਸ ਹੈ ਕਿ ਇਹ ਪ੍ਰੋਗਰਾਮ ਹੋਰ ਲੋਕਾਂ ਨੂੰ ਉਹਨਾਂ ਦੇ ਪਾਲਤੂ ਜਾਨਵਰਾਂ ਦੇ ਲਾਇਸੈਂਸ ਲੈਣ ਅਤੇ ਉਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਦਦ ਲਈ ਉਤਸ਼ਾਹਿਤ ਕਰੇਗਾ।"

- *ਮੇਅਰ ਪੈਟਰਿਕ ਬ੍ਰਾਊਨ* (Patrick Brown)

"ਤੁਸੀਂ ਸੋਚਦੇ ਹੋਵੋਗੇ ਕਿ ਤੁਹਾਡਾ ਕੁੱਤਾ ਤੁਹਾਡੇ ਤੋਂ ਦੂਰ ਜਾਣ ਲਈ ਪੂਰੀ ਤਰ੍ਹਾਂ ਸਿੱਖਿਅਤ ਹੈ, ਜਾਂ ਇਹ ਕਿ ਤੁਹਾਡੀ ਬਿੱਲੀ ਕਦੇ ਵੀ ਤੁਹਾਨੂੰ ਦੱਸੇ ਬਿਨਾਂ ਬਾਹਰ ਕਦਮ ਨਹੀਂ ਰੱਖੇਗੀ। ਪਰੰਤੂ ਹਰ ਸਾਲ, ਬ੍ਰੈਂਪਟਨ ਐਨੀਮਲ ਸਰਵਿਸਜ ਨੂੰ ਗੁਆਚੇ ਪਾਲਤੂ ਜਾਨਵਰਾਂ ਬਾਰੇ ਸੈਂਕੜੇ ਕਾਲਾਂ ਮਿਲਦੀਆਂ ਹਨ। ਜੋਖਮ ਕਿਉਂ ਲੈਣਾ? ਲਾਇਸੈਂਸਸ਼ੁਦਾ ਪਾਲਤੂ ਜਾਨਵਰ, ਵੱਧ ਸੁਰੱਖਿਅਤ ਪਾਲਤੂ ਜਾਨਵਰ ਹੁੰਦਾ ਹੈ ਅਤੇ ਬਲੂਪੌ (BluePaw) ਪ੍ਰੋਗਰਾਮ ਸਾਡੇ ਵੱਲੋਂ ਪਾਲਤੂ ਜਾਨਵਰਾਂ ਦੇ ਉਹਨਾਂ ਮਾਲਕਾਂ ਦਾ ਧੰਨਵਾਦ ਕਰਨ ਦਾ ਤਰੀਕਾ ਹੈ, ਜੋ ਜ਼ਿੰਮੇਵਾਰ ਚੋਣ ਕਰਦੇ ਹਨ।"

- *ਅਮੈਂਡਾ ਬੈਰੇਟ* (Amanda Barrett)*, ਸੁਪਰਵਾਈਜਰ, ਐਨੀਮਲ ਸਰਵਿਸਿਜ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca